Punjabi

# ਅਕਸਰ ਪੁੱਛੇ ਜਾਂਦਾ ਸਵਾਲ
# ਕੰਮ ਉਤੇ ਤਮਾਕੂਨੋਸ਼ੀ ਬਾਰੇ ਐਚਐਸਈ ਦਾ ਕੀ ਮਸ਼ਵਰਾ ਹੈ?
**(FREQUENTLY ASKED QUESTIONS)**
**(WHAT IS HSE'S ADVICE ON SMOKING AT WORK?)**

ਗ੍ਰੇਟ ਬ੍ਰਿਟੇਨ ਵਿਚ ਜਨਤਕ ਅਤੇ ਕੰਮਕਾਜੀ ਥਾਵਾਂ ਵਿਚ ਤਮਾਕੂਨੋਸ਼ੀ ਨੂੰ ਪਬਲਿਕ ਹੈਲਥ ਦਾ ਮਸਲਾ ਸਮਝਕੇ ਇਸ ਨਾਲ ਨਿਪਟਿਆ ਜਾਂਦਾ ਹੈ। ਇੰਗਲੈਂਡ ਵਿਚ ਡਿਪਾਰਟਮੈਂਟ ਔਫ ਹੈਲਥ ਇਸਦੀ ਅਗਵਾਈ ਕਰਦੀ ਹੈ, ਵੇਲਜ ਵਿਚ ਇਹ ਵੈਲਸ਼ ਅਸੈਂਬਲੀ ਗੌਰਮਿੰਟ ਦਾ ਮਸਲਾ ਹੈ ਅਤੇ ਸਕੌਟਲੈਂਡ ਵਿਚ ਇਹ ਸਕੌਟਿਸ਼ ਅਗਜ਼ੈਕਟਿਵ ਦੀ ਜ਼ਿੰਮੇਵਾਰੀ ਹੈ। ਸਥਿਤੀ ਹੇਠ ਲਿਖੇ ਅਨੁਸਾਰ ਹੈ:

## ਸਕੌਟਲੈਂਡ

ਸਕੌਟਲੈਂਡ ਵਿਚ ਤਮਾਕੂਨੋਸ਼ੀ ਸਬੰਧੀ ਕਨੂੰਨ 26 ਮਾਰਚ 2006 ਨੂੰ ਬਦਲ ਜਾਵੇਗਾ। ਕੁੱਝ ਸੀਮਤ ਗਿਣਤੀ ਦੀਆਂ ਛੋਟਾਂ ਸਹਿਤ ਜਨਤਕ ਅਤੇ ਕੰਮਕਾਜੀ ਥਾਵਾਂ ਧੂੰਆਂ-ਰਹਿਤ ਥਾਵਾਂ ਬਣ ਜਾਣਗੀਆਂ। ਇਸ ਨਵੇਂ ਕਨੂੰਨ ਦਾ ਅਸਰ ਕਾਰੋਬਾਰ ਲਈ ਵਰਤੇ ਜਾਂਦੇ ਵਾਹਨਾਂ ਤੇ ਵੀ ਪਵੇਗਾ। ਇਸ ਵਿਚ ਲਾਈਟ ਅਤੇ ਹੈਵੀ ਗੁਡਜ ਵਹੀਕਲ ਅਤੇ ਪਬਲਿਕ ਟ੍ਰਾਂਸਪੋਰਟ ਜਿਵੇਂ ਕਿ ਟੈਕਸੀਆਂ, ਬੱਸਾਂ, ਰੇਲ ਗੱਡੀਆਂ ਅਤੇ ਫੈਰੀਆਂ, ਸ਼ਾਮਲ ਹੋਣਗੀਆਂ। ਪਰ ਸੱਭ ਕਾਰਾਂ ਨੂੰ ਛੋਟ ਹੋਵੇਗੀ।

ਕਾਰੋਬਾਰਾਂ ਲਈ ਇਸਦੀ ਪਾਲਣਾ ਕਿਵੇਂ ਕਰਨੀ ਹੈ ਬਾਰੇ ਗਾਈਡੈਂਸ ਸਮੇਤ ਨਵੇਂ ਕਨੂੰਨ ਸਬੰਧੀ ਸਲਾਹ ਅਤੇ ਜਾਣਕਾਰੀ www.clearingtheairscotland.com ਉਤੇ ਦੇਖੀ ਜਾ ਸਕਦੀ ਹੈ ਜਾਂ ਸਕੌਟਿਸ਼ ਅਗਜ਼ੈਕਟਿਵ ਦੀ ਟੋਬਾਕੂ ਕੰਟ੍ਰੋਲ ਟੀਮ ਨਾਲ ਇਸ ਪਤੇ ਤੇ ਸੰਪਰਕ ਕਰੋ:

Scottish Executive Health Department
Tobacco Control Division
St Andrew's House
Edinburgh
EH1 3DG
ਫੋਨ: 0131 244 5660
ਈ-ਮੇਲ: info@clearingtheairscotland.com

ਧੂੰਆਂ-ਰਹਿਤ ਕਨੂੰਨ ਅਧੀਨ ਛੋਟ ਦਿੱਤੀਆਂ ਗਈਆਂ ਇਮਾਰਤਾਂ ਵਿਚ ਹੈਲਥ ਐਂਡ ਸੇਫਟੀ ਲੈਜੀਸਲੇਸ਼ਨ ਕੰਮਕਾਜੀ ਮਾਲਕਾਂ ਕੋਲੋਂ ਆਪਣੇ ਕਰਮਚਾਰੀਆਂ ਦੀ ਹੈਲਥ ਐਂਡ ਸੇਫਟੀ ਨੂੰ ਕਿਸੇ ਦੂਸਰੇ ਦੇ ਧੂੰਏਂ ਨਾਲ ਪੈਦਾ ਹੋ ਸਕਣ ਵਾਲੇ ਸੰਭਾਵੀ-ਖਤਰੇ ਨੂੰ ਜਿੱਥੋਂ ਤੱਕ ਅਮਲੀ ਤੌਰ ਤੇ ਹੋ ਸਕੇ ਘੱਟ ਰੱਖਣ ਦੀ ਮੰਗ ਕਰਦਾ ਰਹੇਗਾ। ਇਹ ਕਿਵੇਂ ਘੱਟ ਰੱਖਿਆ ਜਾ ਸਕਦਾ ਹੈ ਬਾਰੇ ਐਨਐਚਐਸ, ਲੋਕਲ ਅਥਾਰਟੀਜ ਅਤੇ ਕੇਅਰ ਸਰਵਿਸ ਪ੍ਰਵਾਈਡਰਜ ਵਾਸਤੇ 'ਸਮੋਕ-ਫ੍ਰੀ ਸਕੌਟਲੈਂਡ' ਗਾਈਡੈਂਸ ਵਿਚ ਦੱਸਿਆ ਗਿਆ ਹੈ। ਇਹ ਗਾਈਡੈਂਸ ਉਪਰਲੇ ਪਤੇ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ ਜਾਂ www.scotland.gov.uk/Resource/doc/47121/0020880.pdf ਤੋਂ ਡਾਊਨਲੋਡ ਕੀਤੀ ਜਾ ਸਕਦੀ ਹੈ।

## ਇੰਗਲੈਂਡ ਅਤੇ ਵੇਲਜ

ਇੰਗਲੈਂਡ ਵਿਚ 2007 ਦੀਆਂ ਗਰਮੀਆਂ ਤੋਂ ਸੱਭ ਜਨਤਕ ਅਤੇ ਕੰਮਕਾਜੀ ਥਾਵਾਂ, ਕੁੱਝ ਸੀਮਤ ਗਿਣਤੀ ਦੀਆਂ ਛੋਟਾਂ ਸਹਿਤ, ਧੂੰਆਂ-ਰਹਿਤ ਬਣ ਜਾਣਗੀਆਂ। ਹੈਲਥ ਬਿੱਲ ਇਸ ਮਸਲੇ ਸਬੰਧੀ ਰੈਗੁਲੇਸ਼ਨ-ਮੇਕਿੰਗ ਪਾਵਰਾਂ ਵੈਲਸ਼ ਅਸੈਂਬਲੀ ਨੂੰ ਦਿੰਦਾ ਹੈ। ਹੈਲਥ ਬਿੱਲ ਨੂੰ ਸ਼ਾਹੀ ਮਨਜ਼ੂਰੀ ਮਿਲ ਜਾਣ ਤੋਂ ਬਾਅਦ ਅਸੈਂਬਲੀ ਗੌਰਮਿੰਟ ਡ੍ਰਾਫਟ ਰੈਗੁਲੇਸ਼ਨਾ ਸਬੰਧੀ ਵਿਚਾਰ-ਵਟਾਂਦਰਾ ਕਰੇਗੀ। ਅਸੈਂਬਲੀ ਮਨਿਸਟਰਾਂ ਵਲੋਂ ਪਿਛਲੇ ਸਾਲ

ਤਿਆਰ ਕੀਤੀ ਗਈ ਨੀਤੀ ਇੰਗਲੈਂਡ ਅਤੇ ਸਕੌਟਲੈਂਡ ਵਿਚ ਪ੍ਰਸਤਾਵਤ ਕੀਤੀਆਂ ਗਈਆਂ ਨੀਤੀਆਂ ਵਰਗੀ ਹੀ ਹੈ।

ਨਵੇਂ ਸਮੋਕ-ਫ੍ਰੀ ਲੈਜੀਸਲੇਸ਼ਨ ਤੋਂ ਬਾਅਦ ਵੀ ਕਰਮਚਾਰੀਆਂ ਨੂੰ ਦੂਸਰਿਆਂ ਦੇ ਧੂੰਏਂ ਤੋਂ ਬਚਾਉਣ ਲਈ ਐਚਐਸਈ ਦੇ ਮਸ਼ਵਰੇ ਵਿਚ ਕੋਈ ਤਬਦੀਲੀ ਨਹੀਂ ਆਈ:

- ਕੰਮਕਾਜੀ ਥਾਂ ਵਿਚ ਤਮਾਕੂਨੋਸ਼ੀ ਬਾਰੇ ਕੰਮਕਾਜੀ ਮਾਲਕਾਂ ਦੀ ਨੀਤੀ ਨਿਸ਼ਚਤ ਹੋਣੀ ਚਾਹੀਦੀ ਹੈ।
- ਕੰਮਕਾਜੀ ਮਾਲਕਾਂ ਨੂੰ ਆਪਣੇ ਕਰਮਚਾਰੀਆਂ ਦੀ ਹੈਲਥ ਐਂਡ ਸੇਫਟੀ ਲਈ ਦੂਸਰਿਆਂ ਵਲੋਂ ਪੈਦਾ ਕੀਤੇ ਗਏ ਧੂੰਏਂ ਤੋਂ ਪੈਦਾ ਹੋਣ ਵਾਲੇ ਸੰਭਾਵੀ-ਖਤਰੇ ਨੂੰ ਜਿੱਥੋ ਤੱਕ ਅਮਲੀ ਤੌਰ ਤੇ ਸੰਭਵ ਹੋਵੇ ਘੱਟ ਕਰਨ ਵਾਸਤੇ ਕਾਰਵਾਈ ਕਰਨੀ ਚਾਹੀਦੀ ਹੈ।
- ਸਮੋਕਿੰਗ ਪਾਲਿਸੀ ਵਿਚ ਤਮਾਕੂਨੋਸ਼ੀ ਨਾ ਕਰਨ ਵਾਲੇ ਲੋਕਾਂ, ਜੋ ਤਮਾਕੂ ਦੇ ਧੂੰਏਂ ਨੂੰ ਸਾਹ ਰਾਹੀਂ ਨਹੀਂ ਨਿਗਲਣਾ ਚਾਹੁੰਦੇ, ਨੂੰ ਪਹਿਲ ਦਿੱਤੀ ਜਾਣੀ ਚਾਹੀਦੀ ਹੈ।
- ਸਮੋਕਿੰਗ ਪਾਲਿਸੀ ਨੂੰ ਉਨ੍ਹਾਂ ਦੀ ਕੰਮਕਾਜੀ ਥਾਂ ਦੇ ਅਨਕੂਲ ਬਨਾਉਣ ਵਾਸਤੇ ਕੰਮਕਾਜੀ ਮਾਲਕਾਂ ਨੂੰ ਆਪਣੇ ਕਰਮਚਾਰੀਆਂ ਅਤੇ ਉਨ੍ਹਾਂ ਦੇ ਪ੍ਰਤੀਨਿਧਾਂ ਨਾਲ ਵਿਚਾਰ-ਵਟਾਂਦਰਾ ਕਰਨਾ ਚਾਹੀਦਾ ਹੈ।

ਜੇ ਤੁਹਾਨੂੰ ਤਮਾਕੂਨੋਸ਼ੀ ਬਾਰੇ ਵਧੇਰੇ ਜਾਣਕਾਰੀ ਚਾਹੀਦੀ ਹੈ ਤਾਂ ਡਿਪਾਰਟਮੈਂਟ ਔਫ ਹੈਲਥ ਦੇ ਕਸਟਮਰ ਸਰਵਿਸ ਸੈਂਟਰ ਨਾਲ 020 7210 4850 ਤੇ ਸੰਪਰਕ ਕਰੋ, ਜਾਂ ਉਨ੍ਹਾਂ ਦੀ ਵੈਬਸਾਈਟ ਤੇ ਜਾਵੋ ਜੀ: http://www.dh.gov.uk/PolicyAndGuidance/HealthAndSocialCareTopics/Tobacco/fs/en